ਹੁਕਮ

765-EM

ਜਿਲ੍ਹਾ ਮੈਜਿਸਟ੍ਰੇਟ, ਲੁਧਿਆਣਾ ਦੇ ਦਫਤਰ ਦੇ ਪੱਤਰ ਨੰਬਰ 10835-37/ਐਮ.ਏ ਸ਼ਾਖਾ ਮਿਤੀ 01-08-2023 ਅਤੇ ਨੋਟੀਫਿਕੇਸ਼ਨ ਨੰਬਰ 3/25/23-ਐਸ.ਟੀ.ਈ-4/293 ਮਿਤੀ 05-07-2023 ਰਾਹੀ ਲਿਖਿਆ ਗਿਆ ਹੈ ਕਿ ਚਾਇਨਾ ਮੇਡ ਡੋਰ (ਸਿੰਥੈਟਿਕ ਪਲਾਸਟਿਕ ਦੀਆਂ ਬਣੀਆ ਚਾਇਨਾ ਮੇਡ ਜਾਂ ਹੋਰ ਡੋਰਾਂ ਜੋ ਪਤੰਗ ਬਾਜੀ ਲਈ ਵਰਤੀਆ ਜਾਦੀਆ ਹਨ) ਜੋ ਆਮ ਬਜਾਰ ਵਿੱਚ ਵਿਕ ਰਹੀਆ ਹਨ, ਇਹ ਡੋਰਾ ਕਾਫੀ ਸਖਤ ਅਤੇ ਨਾ ਟੁੱਟਣ ਯੋਗ ਹੋਣ ਕਰਕੇ ਮਨੁੱਖੀ ਜੀਵਨ ਅਤੇ ਜਾਨਵਰਾ ਲਈ ਖਤਰਨਾਕ ਹਨ ਅਤੇ ਇਨਾਂ ਦੀ ਵਰਤੋ ਨਾਲ ਕੋਈ ਵੀ ਮਾੜੀ ਦੁਰਘਟਨਾ ਵਾਪਰ ਸਕਦੀ ਹੈ। ਇਸ ਲਈ ਆਮ ਜਨਤਾ ਦੀ ਜਾਨ ਮਾਲ ਨੂੰ ਯਕੀਨੀ ਬਣਾਉਣ ਲਈ ਅਤੇ ਅਜਿਹੀਆ ਖਤਰਨਾਕ ਡੋਰਾਂ ਦੀ **ਵਿਕਰੀ ਕਰਨ, ਖ੍ਰੀਦ ਕਰਨ, ਸਟੋਰ ਕਰਨ ਅਤੇ ਵਰਤੋ ਕਰਨ** ਤੇ ਪਾਬੰਦੀ ਲਾਉਣ ਲਈ ਪਬਲਿਕ ਹਿੱਤ ਵਿਚ ਵਿਸੇਸ ਕਦਮ ਚੁੱਕਣ ਦੀ ਜਰੂਰਤ ਹੈ।

ਇਸ ਲਈ ਮੈ ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸਨਰ ਪੁਲਿਸ, ਸਥਾਨਕ, ਲੁਧਿਆਣਾ, ਜਾਬਤਾ ਫੋਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ-2) ਦੀ ਧਾਰਾ 144 ਅਧੀਨ ਸੋਪੇ ਗਏ ਅਧਿਕਾਰਾ ਦੀ ਵਰਤੋ ਕਰਦਾ ਹੋਇਆ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਏਰੀਆ ਅੰਦਰ ਨਾਈਲੋਨ, ਸਿਨਥੈਟਿਕ, ਪਲਾਸਟਿਕ ਅਤੇ ਚਾਇਨਾਸੀ ਮਾਜਾਂ ਡੋਰ ਦੀ **ਸਟੋਰ ਕਰਨ, ਵਿਕਰੀ ਕਰਨ, ਖ੍ਰੀਦ ਕਰਨ ਅਤੇ ਪੰਤਗਬਾਜੀ ਲਈ ਵਰਤੋ ਕਰਨ** ਵਾਲੇ ਦੇ ਖਿਲਾਫ ਪਾਬੰਦੀ ਲਗਾਉਦਾ ਹਾਂ। ਅਗਰ ਇੰਨ੍ਹਾ ਹੁਕਮਾ ਦੀ ਉਲੰਘਣਾ ਕੀਤੀ ਜਾਦੀ ਹੈ ਤਾ ਜੁਰਮ ਅ/ਧ 05 ਵਾਤਾਵਰਨ ਪ੍ਰੋਟੈਕਸਨ ਐਕਟ 1986 ਅਤੇ 188 ਭ:ਦੰਡ ਤਹਿਤ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਦੀ ਜਾਵੇ। ਇਹ ਹੁਕਮ ਇਕ ਤਰਫਾ ਪਾਸ ਕਰਕੇ ਆਮ ਪਬਲਿਕ ਦੇ ਨਾਮ ਪਰ ਜਾਰੀ ਕੀਤਾ ਜਾਦਾ ਹੈ। ਇਹ ਹੁਕਮ ਜਾਰੀ ਹੋਣ ਦੀ ਮਿਤੀ ਤੋ ਦੋ ਮਹੀਨੇ ਤੱਕ ਲਾਗੂ ਰਹੇਗਾ।

ਇਹ ਹੁਕਮ ਲਾਗੂ ਕਰਨ ਲਈ ਜਿਲਾ ਲੋਕ ਸਪੰਰਕ ਵਿਭਾਗ ਲੁਧਿਆਣਾ ਦੇ ਵਹੀਕਲ ਰਾਹੀ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 19/12/23 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਨਾਲ ਜਾਰੀ ਕੀਤਾ ਗਿਆ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸਨਰ ਪੁਲਿਸ,
ਸਥਾਨਕ, ਲੁਧਿਆਣਾ।

ਨੰਬਰ 165216-316 /ਏਸੀ-3 ਮਿਤੀ 19/12/2023

ਉਤਾਰਾ:-

1 ਅਧੀਨ ਸਕੱਤਰ ਗ੍ਰਹਿ (ਪੰਜਾਬ ਸਰਕਾਰ) ਗ੍ਰਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਹਿ-4 ਸ਼ਾਖਾ ਨੂੰ ਉਹਨਾ ਦੇ ਮੀਮੋ ਨੰਬਰ 5/57/2014-3ਗ/4/268772/1 ਮਿਤੀ 16-07-2014 ਦੇ ਹਵਾਲੇ ਵਿਚ ਸੂਚਨਾ ਹਿੱਤ।

2 ਜਿਲ੍ਹਾ ਅਤੇ ਸੈਸ਼ਨ ਜੱਜ, ਲੁਧਿਆਣਾ।

3. ਡਿਪਟੀ ਕਮਿਸਨਰ, ਲੁਧਿਆਣਾ ਪਾਸ ਉਹਨਾ ਦੇ ਦਫਤਰ ਦੇ ਪੱਤਰ ਨੰਬਰ 10835-37/ਐਮ.ਏ ਸ਼ਾਖਾ ਮਿਤੀ 01-08-2023 ਸਬੰਧੀ।

4 ਸਮੂਹ ਗਜਟਿਡ ਅਫਸਰ, ਮੁੱਖ ਅਫਸਰ ਥਾਣਾ ਜਾਤ, ਇੰਚਾਰਜ ਚੌਕੀਆ ਅਤੇ ਇੰਚਾਰਜ ਕੰਟਰੋਲ ਰੂਮ ਲੁਧਿਆਣਾ

5. ਜਿਲਾ ਲੋਕ ਸੰਪਰਕ ਅਫਸਰ ਲੁਧਿਆਣਾ ਅਤੇ ਸਮੂਹ ਪ੍ਰੈਸ -ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸਨਰ ਪੁਲਿਸ,
ਸਥਾਨਕ, ਲੁਧਿਆਣਾ।

ਡਿਪਟੀ ਕਮਿਸ਼ਨਰ ਪੁਲਿਸ,
(ਸਥਾਨਕ), ਲੁਧਿਆਣਾ